15ਵੀਂ ਵਿਧਾਨ ਸਭਾ
ਤੇਰ੍ਹਵਾਂ (ਵਿਸ਼ੇਸ਼) ਸਮਾਗਮ, 2020

# ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ. 1

ਸੋਮਵਾਰ, 19 ਅਕਤੂਬਰ, 2020
(11.00 ਵਜੇ ਸਵੇਰ ਤੋਂ 12.25 ਵਜੇ ਬਾਅਦ ਦੁਪਹਿਰ ਤੱਕ)

1. **ਅਕਾਲ ਚਲਾਣਿਆਂ ਦਾ ਵਰਣਨ**

ਮਾਨਯੋਗ ਸਪੀਕਰ ਵੱਲੋਂ ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਣਨ ਕੀਤਾ ਗਿਆ :-

1. ਸ਼ਹੀਦ ਕਰਨੈਲ ਸਿੰਘ, ਲਾਂਸ ਨਾਇਕ;
2. ਸ਼੍ਰੀ ਮਹਿੰਦਰ ਸਿੰਘ, ਅਜ਼ਾਦੀ ਘੁਲਾਟੀਆ;
3. ਸ਼੍ਰੀ ਸਰਦਾਰ ਸਿੰਘ, ਅਜ਼ਾਦੀ ਘੁਲਾਟੀਆ;
4. ਸ਼੍ਰੀ ਰਾਏ ਸਿੰਘ ਪਤੰਗਾ, ਅਜ਼ਾਦੀ ਘੁਲਾਟੀਆ;
5. ਸ਼੍ਰੀ ਮਹਿੰਦਰ ਸਿੰਘ, ਅਜ਼ਾਦੀ ਘੁਲਾਟੀਆ; ਅਤੇ
6. ਸ਼੍ਰੀ ਹੇਮਰਾਜ ਮਿੱਤਲ, ਅਜ਼ਾਦੀ ਘੁਲਾਟੀਆ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਇਨ੍ਹਾਂ ਤੋਂ ਇਲਾਵਾ ਮਾਨਯੋਗ ਸਪੀਕਰ ਦੁਆਰਾ ਸਰਦਾਰ ਜੋਗਿੰਦਰ ਸਿੰਘ ਪੁਆਰ, ਪ੍ਰਸਿੱਧ ਭਾਸ਼ਾ ਵਿਗਿਆਨੀ, ਪੱਤਰਕਾਰ ਅਤੇ ਸਿੱਖਿਆ ਸ਼ਾਸਤਰੀ, ਡਾ. ਕੁਲਦੀਪ ਸਿੰਘ ਧੀਰ, ਪ੍ਰਸਿੱਧ ਵਿਗਿਆਨੀ ਅਤੇ ਸਤਿਕਾਰਤ ਸਾਹਿਤਕਾਰ, ਸਰਦਾਰ ਕੇਸਰ ਸਿੰਘ ਨਰੂਲਾ, ਪ੍ਰਸਿੱਧ ਸੰਗੀਤਕਾਰ, ਸਰਦਾਰ ਗੁਰਕੀਰਤ ਸਿੰਘ ਕੋਟਲੀ, ਮੈਂਬਰ ਦੇ ਸਤਿਕਾਰਯੋਗ ਮਾਤਾ ਜੀ ਸਰਦਾਰਨੀ ਦਵਿੰਦਰ ਕੌਰ, ਸ਼੍ਰੀ ਅਮਿਤ ਵਿੱਜ, ਮੈਂਬਰ ਦੇ ਸਤਿਕਾਰਯੋਗ ਪਿਤਾ ਸ਼੍ਰੀ ਅਨਿਲ ਵਿਜ, ਸ਼੍ਰੀ ਜੈ ਕ੍ਰਿਸ਼ਨ ਰੋੜੀ, ਮੈਂਬਰ ਦੇ ਸਤਿਕਾਰਯੋਗ ਪਿਤਾ ਚੌਧਰੀ ਚੈਨ ਸਿੰਘ ਅਤੇ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਮੈਂਬਰ ਦੇ ਸਤਿਕਾਰਯੋਗ ਪਿਤਾ ਸਰਦਾਰ ਗੁਰਵੰਤ ਸਿੰਘ ਨੂੰ ਵੀ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਤੋਂ ਇਲਾਵਾ ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਦੁਆਰਾ ਸਰਦਾਰ ਬਲਵਿੰਦਰ ਸਿੰਘ ਸੰਧੂ, ਸ਼ੋਰਿਆ ਚੱਕਰ ਵਜੇਤਾ, ਅਤੇ ਕਿਸਾਨ ਅੰਦੋਲਨ ਵਿਚ ਸ਼ਹੀਦ ਹੋਏ ਕਿਸਾਨ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਦੁਆਰਾ ਕਿਸਾਨੀ ਅੰਦੋਲਨ ਵਿੱਚ ਸ਼ਹੀਦ ਹੋਏ ਕਿਸਾਨਾਂ ਦੇ ਨਾਮ ਸਰਦਾਰ ਮੁਖਤਿਆਰ ਸਿੰਘ ਕਿਸ਼ਨਗੜ੍ਹ, ਸਰਦਾਰ ਵਜੀਰ ਸਿੰਘ ਕਿਸ਼ਨਗੜ੍ਹ, ਸਰਦਾਰ ਪ੍ਰੀਤਮ ਸਿੰਘ ਅੱਕਾਂਵਾਲੀ, ਬੇਬੇ ਤੇਜ ਕੌਰ ਪਿੰਡ ਵਰ੍ਹੇ, ਸਰਦਾਰ ਜੁਗਰਾਜ ਸਿੰਘ ਪਿੰਡ ਗੁੜੱਦੀ, ਸਰਦਾਰ ਜਸਪਾਲ ਸਿੰਘ ਪਿੰਡ ਸਰੀਂਹ, ਮਹਿਲਕਲਾਂ ਤੋਂ ਅਤੇ ਸਰਦਾਰ ਲਾਭ ਸਿੰਘ ਪਿੰਡ ਭੁੱਲਰਹੇੜੀ, ਸ਼੍ਰੀ ਭਰਤ ਸਿੰਘ ਜਿਲ੍ਹਾ ਅੰਬਾਲਾ, ਸ਼੍ਰੀ ਹਰਬੰਸ ਸਿੰਘ ਪਿੰਡ ਮਹਿਮੂਦਪੁਰ ਅਤੇ ਸ਼੍ਰੀ ਮੇਘ ਰਾਜ ਪਿੰਡ ਨਾਗਰੀ ਦੇ ਨਾਂ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਦੇ ਨਾਵਾਂ ਨੂੰ ਵੀ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਦੇ ਦੁਖੀ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ।

2. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿੱਤ ਕਰਨਾ**

ਮਾਨਯੋਗ ਸਪੀਕਰ ਵੱਲੋਂ ਸ਼ਰਧਾਂਜਲੀਆਂ ਭੇਂਟ ਕਰਨ ਉਪਰੰਤ ਸਤਿਕਾਰ ਵਜੋਂ ਸਦਨ ਇਕ ਘੰਟੇ ਲਈ 12.13 ਵਜੇ ਦੁਪਹਿਰ ਤੱਕ ਲਈ ਸਥਗਿੱਤ ਕੀਤਾ ਗਿਆ।

3. **ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ**

ਮਾਨਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੁਆਰਾ ਮਿਤੀ 19.10.2020 ਅਤੇ 20.10.2020 ਨੂੰ ਕੀਤੇ ਜਾਣ ਵਾਲੇ ਕੰਮ-ਕਾਰ ਸਬੰਧੀ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਸਦਨ ਵਿਚ ਪੇਸ਼ ਕੀਤੀ।

ਵਿੱਤ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ :-

"ਕਿ ਇਹ ਸਦਨ ਕਾਰਜ-ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

ਨਿਮਨਲਿਖਤ ਮੈਂਬਰਾਂ ਨੇ ਰਿਪੋਰਟ ਤੇ ਹੋਈ ਬਹਿਸ ਵਿਚ ਹਿੱਸਾ ਲਿਆ ਅਤੇ ਉਹ/ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਹਰਪਾਲ ਸਿੰਘ ਚੀਮਾ, ਵਿਰੋਧੀ ਧਿਰ ਦੇ ਨੇਤਾ | 02 ਮਿੰਟ |
| 2. | ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸ਼੍ਰੋਮਣੀ ਅਕਾਲੀ ਦਲ | 02 ਮਿੰਟ |
| 3. | ਰਾਣਾ ਗੁਰਮੀਤ ਸਿੰਘ ਸੋਢੀ, ਖੇਡਾਂ ਤੇ ਯੁਵਕ ਸੇਵਾਂ ਮੰਤਰੀ | 01 ਮਿੰਟ |

4. **ਮਾਨਯੋਗ ਸਪੀਕਰ ਦੁਆਰਾ ਐਲਾਨ**

ਮਾਨਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13 (1) ਅਧੀਨ ਨਿਮਨਲਿਖਤ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਨ ਸਬੰਧੀ ਐਲਾਨ ਕੀਤਾ:

1. ਸਰਦਾਰ ਹਰਪ੍ਰਤਾਪ ਸਿੰਘ
2. ਸਰਦਾਰ ਗੁਰਕੀਰਤ ਸਿੰਘ ਕੋਟਲੀ
3. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ
4. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ

5. **ਨਿਯਮ ਕਮੇਟੀ ਦੀ ਰਿਪੋਰਟ ਮੁੜ ਪੇਸ਼ ਕਰਨਾ**

ਮਾਨਯੋਗ ਸਪੀਕਰ ਦੁਆਰਾ ਨਿਯਮ ਕਮੇਟੀ ਦੀ ਰਿਪੋਰਟ ਮੇਜ਼ ਤੇ ਮੁੜ ਰੱਖੀ ਗਈ ਜਿਵੇਂ ਕਿ ਪੰਜਾਬ ਵਿਧਾਨ ਸਭਾ ਵਿੱਚ ਕਾਰਜਵਿਧੀ ਅਤੇ ਕਾਰਜ ਸੰਚਾਲਨ ਨਿਯਮਾਂਵਲੀ ਦੇ ਨਿਯਮ 232(1) ਅਧੀਨ ਲੋੜੀਂਦਾ ਹੈ।

6. **ਸਕੱਤਰ ਵਲੋਂ ਪੰਜਾਬ ਵਿਧਾਨ ਸਭਾ (ਦਲ ਬਦਲੀ ਦੇ ਆਧਾਰ ਤੇ ਮੈਂਬਰਾਂ ਦੀ ਆਯੋਗਤਾ) ਨਿਯਮ, 2020 ਮੇਜ਼ ਤੇ ਮੁੱੜ ਰੱਖਣਾ**

ਸਕੱਤਰ ਦੁਆਰਾ ਪੰਜਾਬ ਵਿਧਾਨ ਸਭਾ (ਦਲ ਬਦਲੀ ਦੇ ਆਧਾਰ ਤੇ ਮੈਂਬਰਾਂ ਦੀ ਅਯੋਗਤਾ) ਨਿਯਮ, 2020 ਜੋ ਕਿ ਭਾਰਤ ਦੇ ਸੰਵਿਧਾਨ ਦੀ ਦਸਵੀਂ ਅਨੁਸੂਚੀ ਦੇ ਪੈਰ੍ਹਾ 8 ਦੁਆਰਾ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸਪੀਕਰ, ਪੰਜਾਬ ਵਿਧਾਨ ਸਭਾ ਦੁਆਰਾ ਫਰੇਮ ਕੀਤੇ ਗਏ ਹਨ, ਸਦਨ ਦੀ ਮੇਜ਼ ਤੇ ਮੁੜ ਰੱਖੇ ਗਏ, ਜਿਵੇਂ ਕਿ ਪੈਰ੍ਹਾ 8 ਦੇ ਉਪ-ਪੈਰ੍ਹਾ (2) ਅਧੀਨ ਲੋੜੀਂਦਾ ਹੈ।

7. **ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ**

ਵਿੱਤ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: VII ਅਧੀਨ ਦਰਸਾਏ ਗਏ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

8. **ਰਿਪੋਰਟਾਂ ਪੇਸ਼ ਕਰਨੀਆਂ**

ਵਿਸ਼ੇਸ਼ ਅਧਿਕਾਰ ਕਮੇਟੀ ਦੇ ਮੈਂਬਰ (ਸਰਦਾਰ ਫਤਿਹਜੰਗ ਸਿੰਘ ਬਾਜਵਾ) ਨੇ ਵਿਸ਼ੇਸ਼ ਅਧਿਕਾਰ ਦੇ ਮਾਮਲਿਆਂ ਸਬੰਧੀ ਨਿਮਨਲਿਖਤ ਦੁਆਰਾ ਉਠਾਏ ਗਏ ਮਾਮਲਿਆਂ ਸਬੰਧੀ ਵਿਸ਼ੇਸ਼ ਅਧਿਕਾਰ ਕਮੇਟੀ ਦੀ ਦੂਜੀਂ/ਸੱਤਵੀਂ/ਅੱਠਵੀਂ/ਨੌਂਵੀਂ ਅੰਤਰਿਮ ਰਿਪੋਰਟਾਂ ਪੇਸ਼ ਕੀਤੀਆਂ:-

i) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੁੱਧ;

ii) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

iii) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

iv) ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ., ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਦੇ ਵਿਰੁੱਧ;

v) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਦੇ ਵਿਰੁੱਧ;

vi) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵਿਰੁੱਧ: ਅਤੇ

vii) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਦੇ ਵਿਰੁੱਧ।

ਇਸ ਉਪਰੰਤ ਸਦਨ ਮੰਗਲਵਾਰ ਮਿਤੀ 20.10.2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ:
19 ਅਕਤੂਬਰ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।